BS/2110 10387/NH

ਕੁੱਲ ਅੰਕ- 75 ਬੀ.ਐਸ.ਸੀ. M/N

ਪਾਸ ਅੰਕ - 26 ਸਮੈਸਟਰ-ਪਹਿਲਾ

ਸਮਾਂ : ਤਿੰਨ ਘੰਟੇ ਪੰਜਾਬੀ ਲਾਜ਼ਮੀ

1. "ਇੱਕ ਮਿਆਨ ਦੋ ਤਲਵਾਰਾਂ" ਨਾਵਲ ਦਾ ਸੰਖੇਪ ਸਾਰ ਲਿਖੋ।

ਜਾਂ

"ਇੱਕ ਮਿਆਨ ਦੋ ਤਲਵਾਰਾਂ" ਨਾਵਲ ਦੀ ਸਾਹਿਤਕ ਦ੍ਰਿਸ਼ਟੀ ਤੋਂ ਆਲੋਚਨਾ ਕਰੋ। 12

2. ਹੇਠ ਲਿਖੇ ਪਾਤਰਾਂ ਵਿੱਚੋਂ ਕਿਸੇ ਇੱਕ ਦਾ ਪਾਤਰ ਚਿਤਰਨ ਕਰੋ:
ਸੋਢੀ ਸੁਖਦੇਵ ਸਿੰਘ, ਕਰਤਾਰ ਸਿੰਘ ਸਰਾਭਾ, ਬੀਰੀ (ਰਘੁਬੀਰ ਕੌਰ) 12

3. ਕਿਸੇ ਅਖ਼ਬਾਰ ਦੇ ਸੰਪਾਦਕ ਨੂੰ ਪੱਤਰ ਲਿਖੋ ਜਿਸ ਰਾਹੀਂ ਪੰਜਾਬ ਦੇ ਕਿਸੇ ਜਿਲ੍ਹੇ ਵਿੱਚ ਮਹਾਂਵਾਰੀ ਕਾਰਨ ਹੋਏ ਨੁਕਸਾਨ ਦੀ ਸਮੱਸਿਆਂ ਸਬੰਧੀ ਵਿਚਾਰ ਪ੍ਰਗਟਾਏ ਗਏ ਹੋਣ।

**ਜਾਂ**

ਸਿੱਖਿਆ ਮੰਤਰੀ ਨੂੰ ਇਕ ਚਿੱਠੀ ਰਾਹੀਂ ਬੇਨਤੀ ਕਰੋ ਕਿ ਤੁਹਾਡੇ ਇਲਾਕੇ ਵਿੱਚ ਇੱਕ ਸਰਕਾਰੀ ਕਾਲਜ ਖੋਲਿਆਂ ਜਾਵੇ। 9

4. ਵਾਕ ਦੀ ਪਰਿਭਾਸ਼ਾ ਦਿੰਦੇ ਹੋਏ ਬਣਤਰ ਦੇ ਆਧਾਰ 'ਤੇ ਵਾਕ ਦੀਆਂ ਕਿਸਮਾਂ ਦਾ ਵਰਗੀਕਰਨ ਕਰੋ।

**ਜਾਂ**

ਭਾਵੰਸ਼ ਤੋਂ ਕੀ ਭਾਵ ਹੈ? ਭਾਵੰਸ਼ ਦੀਆਂ ਕਿਸਮਾਂ ਬਾਰੇ ਜਾਣਕਾਰੀ ਦਿਓ। 12

5. **ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ :**

1.) ਕੀ ਇਕ ਮਿਆਨ ਦੋ ਤਲਵਾਰਾਂ ਨਾਵਲ ਇਤਿਹਾਸਿਕ ਹੈ ਜਾਂ ਅਰਧ ਇਤਿਹਾਸਿਕ?
2.) ਦਿਆਲੇ ਬਾਰੇ ਪੰਜ ਕੁ ਸਤਰਾਂ ਲਿਖੋ।
3.) ਗਦਰ ਪਾਰਟੀ ਨੇ ਕਿਹੜਾ ਅਖ਼ਬਾਰ ਕੱਢਿਆ?
4.) ਬੰਗਾਲ ਦੇ ਦੋ ਮੁੱਖ ਕ੍ਰਾਂਤੀਕਾਰੀ ਲੀਡਰਾਂ ਦੇ ਨਾਂ ਲਿਖੋ।
5.) ਨਾਨਕ ਸਿੰਘ ਦੇ ਕਿਸੇ ਦੋ ਨਾਵਲਾਂ ਦੇ ਨਾਂ ਲਿਖੋ।
6.) ਇੱਕ ਮਿਆਨ ਦੋ ਤਲਵਾਰਾਂ ਨਾਵਲ ਕਦੋਂ ਪ੍ਰਕਾਸ਼ਿਤ ਹੋਇਆ?
7.) ਸਰਾਭੇ ਅਤੇ ਭਾਈ ਪਰਮਾਨੰਦ ਦੀ ਮੁਲਾਕਾਤ ਨਾਵਲ ਦੇ ਕਿਹੜੇ ਕਾਂਡ ਵਿੱਚ ਹੁੰਦੀ ਹੈ?
8.) ਨਾਨਕ ਸਿੰਘ ਦੀ ਸਵੈ-ਜੀਵਣੀ ਦਾ ਨਾਂ ਦੱਸੋ।
9.) ਬਿਆਨੀਆਂ ਵਾਕ ਕੀ ਹੁੰਦਾ ਹੈ?
10.) ਨਾਵ ਵਾਕੰਸ਼ ਬਾਰੇ ਜਾਣਕਾਰੀ ਦਿਓ।
11.) ਮਿਸ਼ਰਿਤ ਵਾਕ ਕੀ ਹੁੰਦਾ ਹੈ?
12.) ਵਾਕ ਅਤੇ ਉਪਵਾਕ ਵਿੱਚ ਕੀ ਅੰਤਰ ਹੁੰਦਾ ਹੈ?
13.) ਵਿਕਾਰੀ ਅਤੇ ਅਵਿਕਾਰੀ ਸ਼ਬਦਾਂ ਬਾਰੇ ਤੁਸੀ ਕੀ ਜਾਣਦੇ ਹੋ?
14.) ਮੂਲ ਵਿਆਕਰਨਿਕ ਇਕਾਈਆਂ ਕਿਹੜੀਆਂ ਹਨ?
15.) ਉਦੇਸ਼ ਤੋਂ ਕੀ ਭਾਵ ਹੈ? **15×2=30**